# जोगी दिया मन्दिराँ दे

ਸਾਰੀ ਦੁਨੀਆਂ ਤੋਂ, ਖੇਲ੍ਹ ਨਿਆਰੇ,
'ਜੋਗੀ ਦਿਆਂ ਮੰਦਰਾਂ ਦੇ x||'
*ਦੇਖੇ ਸਵਰਗਾਂ ਤੋਂ, ਵੱਧ ਕੇ ਨਜ਼ਾਰੇ ||,
'ਜੋਗੀ ਦਿਆਂ ਮੰਦਰਾਂ ਦੇ x||',,,
ਸਾਰੀ ਦੁਨੀਆਂ ਤੋਂ, ਖੇਲ੍ਹ,,,,,,,,,,,,,,,,,,,,,

ਭਰਥਰੀ ਵਰਗੇ, ਰਾਜੇ ਬੈਠੇ, "ਸਿੱਧ ਸਮਾਧੀ ਲਾ ਕੇ" |
ਘੋਰ ਤਪੱਸਿਆ, ਕੀਤੀ ਜਿਹਨਾਂ ਨੇ, "ਘਰ ਤੇ ਵਾਰ ਭੁਲਾ ਕੇ" ||
*ਰਾਜ ਪਾਟ, ਤਿਆਗੇ ਸਾਰੇ ||, 'ਜੋਗੀ ਦਿਆਂ ਮੰਦਰਾਂ ਦੇ x||',,,
ਸਾਰੀ ਦੁਨੀਆਂ ਤੋਂ, ਖੇਲ੍ਹ,,,,,,,,,,,,,,,,,,,,,

ਬ੍ਰਹਮਾ ਵਿਸ਼ਨੂੰ, ਵੇਦ ਵਿਆਸ ਜੀ, "ਦਰ ਤੇ ਵੇਦ ਸੁਣਾਉਂਦੇ" |
ਕੁੱਲ ਦੁਨੀਆਂ ਦੇ, ਦੇਵੀ ਦੇਵਤਾ, "ਅੰਮ੍ਰਿਤ ਪਏ ਵਰਸਾਉਂਦੇ" ||
*ਸ਼ਿਵ, ਪਾਰਵਤੀ ਬਲਿਹਾਰੇ ||, 'ਜੋਗੀ ਦਿਆਂ ਮੰਦਰਾਂ ਦੇ x||',,,
ਸਾਰੀ ਦੁਨੀਆਂ ਤੋਂ, ਖੇਲ੍ਹ,,,,,,,,,,,,,,,,,,,,,

ਅੰਗ ਬਬੂਤੀ, ਮੌਂਢੇ ਝੋਲੀ, "ਚਿਮਟਾ ਹੱਥ ਵਿਰਾਜ਼ੇ" |
ਪੈਰੀਂ ਪਊਏ, ਗਲ਼ ਵਿੱਚ ਸਿੰਗੀ, "ਮੋਰ ਸਵਾਰੀ ਸਾਜੇ" ||
*ਓਹ, ਸਭਨੂੰ ਲੱਗਣ ਪਿਆਰੇ ||, 'ਜੋਗੀ ਦਿਆਂ ਮੰਦਰਾਂ ਦੇ x||',,,
ਸਾਰੀ ਦੁਨੀਆਂ ਤੋਂ, ਖੇਲ੍ਹ,,,,,,,,,,,,,,,,,,,,,

ਸਿਫਤ ਕਰਾਂ ਕੀ, ਉਸ ਜੋਗੀ ਦੀ, "ਤੀਨ ਲੋਕ ਕਰੇ ਪੂਜਾ" |
ਸਾਰੀ ਦੁਨੀਆਂ, ਕਹੇ ਭੋਲੇ ਦਾ, "ਏਹ ਅਵਤਾਰ ਹੈ ਦੂਜਾ" ||
*ਕੈਲਾਸ਼ ਨਾਥ, ਓਹਦੀ ਆਰਤੀ ਉਤਾਰੇ ||,
ਸਾਰੀ ਦੁਨੀਆਂ ਤੋਂ, ਖੇਲ੍ਹ,,,,,,,,,,,,,,,,,,,,,

ਅਪਲੋਡਰ- ਅਨਿਲਰਾਮੂਰਤੀਭੋਪਾਲ

https://alltvads.com/bhajan/lyrics/id/27358/title/jogi-diya-mandira-de

अपने Android मोबाइल पर BhajanGanga App डाउनलोड करें और भजनों का आनंद ले |